# ਸ਼ਹਿਦ ਦੀ ਮੱਖੀ ਤੇ ਘੁੱਗੀ (ਭਾਗ ੨)

ਇੱਕ ਜੰਗਲ ਵਿੱਚ ਘੁੱਗੀ ਤੇ ਸ਼ਹਿਦ ਦੀਆਂ ਮੱਖੀਆਂ ਰਹਿੰਦੀਆਂ ਸਨ। ਉਹ ਪੱਕੀਆਂ ਸਹੇਲੀਆਂ ਸਨ। ਇੱਕ ਦਿਨ ਜੰਗਲ ਵਿੱਚ ਇੱਕ ਸ਼ਿਕਾਰੀ ਆਇਆ। ਘੁੱਗੀ ਦਰੱਖਤ ਉੱਤੇ ਬੈਠੀ ਸੀ। ਸ਼ਿਕਾਰੀ ਆਪਣੀ ਬੰਦੂਕ ਨਾਲ ਘੁੱਗੀ ਨੂੰ ਮਾਰਨ ਲੱਗਾ। ਸ਼ਹਿਦ ਦੀ ਮੱਖੀ ਨੇ ਸ਼ਿਕਾਰੀ ਨੂੰ ਵੇਖ ਲਿਆ। ਮੱਖੀ ਨੇ ਸ਼ਿਕਾਰੀ ਦੇ ਹੱਥ ਤੇ ਡੰਗ ਮਾਰਿਆ। ਸ਼ਿਕਾਰੀ ਦੇ ਹੱਥ ਵਿੱਚੋਂ ਬੰਦੂਕ ਡਿੱਗ ਗਈ ਅਤੇ ਘੁੱਗੀ ਦੀ ਜਾਨ ਬਚ ਗਈ। ਘੁੱਗੀ ਨੇ ਮੱਖੀ ਦਾ ਧੰਨਵਾਦ ਕੀਤਾ ਤੇ ਉੱਡ ਗਈ।

ਸਿੱਖਿਆ : ਸਭ ਨਾਲ ਮਿਲਕੇ ਰਹੋ